# Waterways of the West
## Community Vision



Victoria State Government
Environment, Land, Water and Planning


ਵੈਰੀਬੀ ਟ੍ਰੀਟਮੈਂਟ ਪਲਾਂਟ

# ਪ੍ਰਵਾਨਗੀ

ਵਿਕਟੋਰੀਆ ਦੀ ਸਰਕਾਰ ਮਾਣ ਨਾਲ Bunurong, Wadawurrung and Wurundjeri Woi wurrung ਲੋਕਾਂ ਨੂੰ ਪੱਛਮੀ ਖੇਤਰ ਦੇ ਜਲਮਾਰਗਾਂ ਦੇ ਰਵਾਇਤੀ ਰੱਖਿਅਕਾਂ ਵਜੋਂ ਸਵੀਕਾਰ ਕਰਦੀ ਹੈ। ਅਸੀਂ ਉਨ੍ਹਾਂ ਦੇ ਪੂਰਵਜਾਂ ਅਤੇ ਬੀਤੇ ਤੇ ਵਰਤਮਾਨ ਸਮੇਂ ਦੇ ਬਜ਼ੁਰਗਾਂ ਨੂੰ ਸ਼ਰਧਾਂਜਲੀ ਦਿੰਦੇ ਹਾਂ।

ਅਸੀਂ ਆਦਿਵਾਸੀ ਲੋਕਾਂ ਨੂੰ ਆਸਟ੍ਰੇਲੀਆ ਦੇ ਪਹਿਲੇ ਲੋਕਾਂ ਵਜੋਂ ਅਤੇ ਉਸ ਜ਼ਮੀਨ ਅਤੇ ਪਾਣੀ ਦੇ ਰਵਾਇਤੀ ਮਾਲਕਾਂ ਅਤੇ ਰੱਖਿਅਕਾਂ ਵਜੋਂ ਸਵੀਕਾਰ ਕਰਦੇ ਹਾਂ ਜਿਸ ਉੱਤੇ ਅਸੀਂ ਨਿਰਭਰ ਕਰਦੇ ਹਾਂ। ਅਸੀਂ ਦੇਸ਼ ਨਾਲ ਰਵਾਇਤੀ ਮਾਲਕਾਂ ਦੇ ਅੰਦਰੂਨੀ, ਨਿਰੰਤਰ ਸਬੰਧ ਨੂੰ ਪਛਾਣਦੇ ਹਾਂ, ਅਤੇ ਉਨ੍ਹਾਂ ਦਾ ਆਦਰ ਕਰਦੇ ਹਾਂ ਅਤੇ ਜ਼ਮੀਨ, ਪਾਣੀ, ਕੁਦਰਤੀ ਅਤੇ ਬਣਾਏ ਗਏ ਭੂ-ਦ੍ਰਿਸ਼ਾਂ ਦੇ ਪ੍ਰਬੰਧ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਕਦਰ ਕਰਦੇ ਹਾਂ।

ਅਸੀਂ Bunurong, Wadawurrung and Wurundjeri Woi wurrung ਨਾਲ ਸੱਚੀ ਅਤੇ ਸਥਾਈ ਭਾਈਵਾਲੀ ਦੀ ਲੋੜ ਦਾ ਸਮਰਥਨ ਕਰਦੇ ਹਾਂ, ਤਾਂ ਜੋ ਲੋਕ ਆਪਣੇ ਸਭਿਆਚਾਰ ਅਤੇ ਦੇਸ਼ ਨਾਲ ਸਬੰਧਾਂ ਨੂੰ ਸਮਝਣ, ਜਿਸ ਤਰ੍ਹਾਂ ਅਸੀਂ ਪੱਛਮੀ ਖੇਤਰ ਦੇ ਜਲਮਾਰਗਾਂ ਦੀ ਯੋਜਨਾ ਬਣਾ ਰਹੇ ਹਾਂ, ਉਨ੍ਹਾਂ ਨਾਲ ਜੁੜਦੇ ਹਾਂ ਅਤੇ ਪ੍ਰਬੰਧ ਕਰਦੇ ਹਾਂ।

ਅਸੀਂ ਮਿਲਾਪ ਦੀ ਭਾਵਨਾ ਨੂੰ ਅਪਣਾਉਂਦੇ ਹਾਂ, ਸਵੈ-ਨਿਰਣੇ, ਨਤੀਜਿਆਂ ਦੀ ਬਰਾਬਰੀ ਅਤੇ ਆਸਟ੍ਰੇਲੀਆ ਦੇ ਪਹਿਲੇ ਲੋਕਾਂ ਲਈ ਬਰਾਬਰੀ ਦੀ ਆਵਾਜ਼ ਵੱਲ ਕੰਮ ਕਰਦੇ ਹਾਂ।

# ਵਿਸ਼ਾ-ਸੂਚੀ


2
**ਜਾਣ-ਪਛਾਣ**

4
**ਸਮੁੱਚਾ ਦ੍ਰਿਸ਼ਟੀਕੋਣ**

8
**ਸ਼ਹਿਰਾਂ, ਉਪਨਗਰਾਂ ਅਤੇ ਕਸਬਿਆਂ ਲਈ ਦ੍ਰਿਸ਼ਟੀਕੋਣ**

10
**ਖੇਤੀਬਾੜੀ ਅਤੇ ਪੇਂਡੂ ਜ਼ਮੀਨਾਂ ਲਈ ਦ੍ਰਿਸ਼ਟੀਕੋਣ**

12
**ਕੁਦਰਤੀ ਸਥਾਨਾਂ ਅਤੇ ਜੰਗਲਾਂ ਲਈ ਦ੍ਰਿਸ਼ਟੀਕੋਣ**

16
**WATERWAYS OF THE WEST ਦਾ ਵਿਕਾਸ ਕਰਨਾ**

**ਭਾਈਚਾਰਕ ਦ੍ਰਿਸ਼ਟੀਕੋਣ**

ਭਾਈਚਾਰੇ ਦਾ ਇਕੱਠ

ਸਕੂਲ ਦਾ ਦ੍ਰਿਸ਼ਟੀਕੋਣ

ਸਭਿਆਚਾਰਕ ਅਤੇ ਭਾਸ਼ਾਈ ਤੌਰ ਉੱਤੇ ਵਿਭਿੰਨਤਾ (CALD) ਵਾਲੇ ਰੁਝੇਵੇਂ




ਵੈਰੀਬੀ ਨਦੀ

# ਜਾਣ-ਪਛਾਣ

ਸਿਹਤਮੰਦ ਅਤੇ ਖੁਸ਼ਹਾਲ ਜਲਮਾਰਗ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਮੈਲਬੌਰਨ ਦੀ ਇਕ ਜੀਵਤ ਅਤੇ ਰਹਿਣ ਯੋਗ ਸ਼ਹਿਰ ਵਜੋਂ ਪਛਾਣ ਦੇ ਧੁਰ ਦਿਲ ਵਿੱਚ ਹਨ। Waterways of the West ਖੇਤਰ ਦੇ ਜਲਮਾਰਗਾਂ ਵਿੱਚ ਬਹੁਤ ਸਾਰੇ ਪੌਦਿਆਂ ਅਤੇ ਜਾਨਵਰਾਂ, ਪ੍ਰਮੁੱਖ ਸ਼ਹਿਰੀ ਵਿਕਾਸ ਖੇਤਰਾਂ ਅਤੇ ਵਿਕਟੋਰੀਆ ਦੇ ਕੁਝ ਸਭ ਤੋਂ ਵੱਧ ਉਤਪਾਦਕ ਭੋਜਨ ਉਗਾਉਣ ਵਾਲੇ ਖੇਤਰਾਂ ਦਾ ਸਮਰਥਨ ਕਰਨ ਵਾਲੀ ਵਿਭਿੰਨ ਕੁਦਰਤੀ ਸੁੰਦਰਤਾ ਦੇ ਭੂ-ਦ੍ਰਿਸ਼ ਸ਼ਾਮਲ ਹਨ। ਇਨ੍ਹਾਂ ਜਲਮਾਰਗਾਂ ਅਤੇ ਭੂ-ਦ੍ਰਿਸ਼ਾਂ ਦਾ Bunurong, Wadawurrung and Wurundjeri Woi wurrung ਲੋਕਾਂ ਲਈ ਜੋ ਰਿਵਾਇਤੀ ਮਾਲਕ ਹਨ, ਲਈ ਵਿਸ਼ੇਸ਼ ਮਹੱਤਵ ਹੈ, ਜਿਸ ਵਿੱਚ ਸਭਿਆਚਾਰਕ, ਅਧਿਆਤਮਿਕ, ਸਮਾਜਿਕ, ਆਰਥਿਕ ਅਤੇ ਵਾਤਾਵਰਣਕ ਕਦਰਾਂ-ਕੀਮਤਾਂ ਸ਼ਾਮਲ ਹਨ।

ਜਿਵੇਂ-ਜਿਵੇਂ ਆਬਾਦੀ ਵਧਦੀ ਜਾਂਦੀ ਹੈ ਅਤੇ ਜਲਵਾਯੂ ਖੁਸ਼ਕ ਹੁੰਦਾ ਜਾਂਦਾ ਹੈ, ਇਨ੍ਹਾਂ ਜਲਮਾਰਗਾਂ ਅਤੇ ਉਨ੍ਹਾਂ ਦੇ ਆਲੇ-ਦੁਆਲੇ ਦੀਆਂ ਜ਼ਮੀਨਾਂ ਨੂੰ ਕਈਆਂ ਦਬਾਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਵਿੱਚ ਗੁਣਵੱਤਾ ਵਾਲੇ ਖੁੱਲ੍ਹੀ ਜਗ੍ਹਾ ਵਾਲੇ ਗਲਿਆਰਿਆਂ ਦੀ ਲੋੜ ਵੀ ਸ਼ਾਮਲ ਹੈ। ਬਦਲਦਾ ਜਲਵਾਯੂ, ਪੱਛਮ ਵਿੱਚ ਮਹੱਤਵਪੂਰਣ ਸਿੰਚਾਈ ਵਾਲੀ ਖੇਤੀਬਾੜੀ ਲਈ ਧਾਰਾ ਦੇ ਪ੍ਰਵਾਹ ਅਤੇ ਪਾਣੀ ਦੀ ਉਪਲਬਧਤਾ ਨੂੰ ਘਟਾ ਰਿਹਾ ਹੈ, ਜਦੋਂ ਕਿ ਪਾਰਕਾਂ ਅਤੇ ਬਾਗਾਂ ਨੂੰ ਹਰਾ ਰੱਖਣ ਲਈ ਵਧੇਰੇ ਪਾਣੀ ਦੀ ਲੋੜ ਹੈ। ਇਨ੍ਹਾਂ ਜਲਮਾਰਗਾਂ ਦੀ ਖੁੱਲ੍ਹੀ ਥਾਂ ਅਤੇ ਸੁਖ-ਸੁਵਿਧਾ, ਉਨ੍ਹਾਂ ਦੀਆਂ ਜ਼ਮੀਨਾਂ ਅਤੇ ਤੱਟੀ ਖੇਤਰ ਦੀ ਜੀਵੰਤਤਾ ਅਤੇ ਸਥਾਨਕ ਮੁਹੱਲਿਆਂ ਦੀ ਰਹਿਣਯੋਗਤਾ ਨੂੰ ਆਧਾਰ ਬਣਾਉਂਦਾ ਹੈ। ਉਹ ਲੋਕਾਂ ਨੂੰ ਕੁਦਰਤ ਅਤੇ ਇਕ ਦੂਜੇ ਨਾਲ ਜੁੜਨ ਲਈ ਜਗ੍ਹਾ ਦੀ ਪੇਸ਼ਕਸ਼ ਕਰਦੇ ਹਨ।


ਅਗਸਤ 2018 ਵਿੱਚ, ਵਿਕਟੋਰੀਆ ਦੀ ਸਰਕਾਰ ਨੇ ਮੈਲਬੌਰਨ ਦੇ ਪੱਛਮੀ ਜਲਮਾਰਗਾਂ ਦੀ ਸਿਹਤ, ਸਹੂਲਤਾਂ, ਪਹੁੰਚ ਅਤੇ ਭਾਈਚਾਰਕ ਕਦਰਾਂ-ਕੀਮਤਾਂ ਦੀ ਸਭ ਤੋਂ ਵਧੀਆ ਰੱਖਿਆ ਅਤੇ ਵਾਧਾ ਕਿਵੇਂ ਕਰਨਾ ਹੈ, ਇਸ ਬਾਰੇ ਸਰਕਾਰ ਨੂੰ ਸਿਫਾਰਸ਼ਾਂ ਕਰਨ ਲਈ ਮੰਤਰੀ ਸਲਾਹਕਾਰ ਕਮੇਟੀ (MAC) ਨਿਯੁਕਤ ਕੀਤੀ ਸੀ। Waterways of the West ਵਿੱਚ ਵੈਰੀਬੀ ਅਤੇ ਮੈਰੀਬਿਓਂਗ ਨਦੀਆਂ ਅਤੇ ਮੂਨੀ ਪੌਂਡ, ਕੋਰੋਰਾਇਟ ਅਤੇ ਸਕੈਲਟਨ ਕ੍ਰੀਕਸ ਉਨ੍ਹਾਂ ਦੀਆਂ ਸਹਾਇਕ ਨਦੀਆਂ, ਅਤੇ ਖੇਤਰ ਦੇ ਹੋਰ ਬਰਸਾਤੀ ਨਾਲੇ, ਦਲਦਲਾਂ ਅਤੇ ਮੁਹਾਨੇ ਸ਼ਾਮਲ ਹਨ।

ਉਨ੍ਹਾਂ ਦੇ ਕੰਮ ਦੇ ਹਿੱਸੇ ਵਜੋਂ, MAC ਨੇ Waterways of the West ਬਾਰੇ ਭਾਈਚਾਰੇ ਦੇ ਦ੍ਰਿਸ਼ਟੀਕੋਣ ਦੇ ਵਿਕਾਸ ਦੀ ਤਿਆਰੀ ਦੀ ਨਿਗਰਾਨੀ ਕੀਤੀ। ਪੱਛਮ ਦੇ ਲੋਕ, ਅਗਲੇ 50 ਸਾਲਾਂ ਲਈ Waterways of the West ਅਤੇ ਉਨ੍ਹਾਂ ਦੀਆਂ ਜ਼ਮੀਨਾਂ ਲਈ ਭਾਈਚਾਰੇ ਦੇ ਦ੍ਰਿਸ਼ਟੀਕੋਣ ਬਨਾਉਣ ਲਈ ਇਕੱਠੇ ਹੋਏ। ਇਹ ਜਲਮਾਰਗਾਂ ਦੀ ਸੁਰੱਖਿਆ ਲਈ ਉਨ੍ਹਾਂ ਦੀਆਂ ਇੱਛਾਵਾਂ ਅਤੇ ਉਮੀਦਾਂ ਨੂੰ ਦਰਸਾਉਂਦਾ ਹੈ। ਇਸ ਦ੍ਰਿਸ਼ਟੀਕੋਣ ਨੂੰ ਵਿਕਸਤ ਕਰਨ ਲਈ, ਖੇਤਰ ਦੇ ਜੀਵੰਤ ਭਾਈਚਾਰੇ ਦੀ ਪ੍ਰਤੀਨਿਧਤਾ ਕਰਨ ਵਾਲੇ 45 ਵਸਨੀਕਾਂ ਦਾ ਇਕ ਭਾਈਚਾਰਕ ਇਕੱਠ ਬੁਲਾਇਆ ਗਿਆ ਸੀ। ਇਸ ਪ੍ਰਕਿਰਿਆ ਦੇ ਹਿੱਸੇ

ਵਜੋਂ, ਉਨ੍ਹਾਂ ਨੇ ਇਕ ਦੂਜੇ, ਜਲਮਾਰਗ ਸਿਹਤ ਮਾਹਰਾਂ, ਸਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਭਾਈਚਾਰਿਆਂ ਅਤੇ ਸਕੂਲੀ ਵਿਦਿਆਰਥੀਆਂ ਦੇ ਨੁਮਾਇੰਦਿਆਂ ਤੋਂ ਸੁਣਿਆ। ਉਨ੍ਹਾਂ ਨੇ Wadawurrung and Wurundjeri Woi wurrung ਰਵਾਇਤੀ ਮਾਲਕਾਂ ਤੋਂ ਸੁਣਿਆ, ਅਤੇ ਕਈ ਸਭਿਆਚਾਰਕ ਸਮਾਰੋਹਾਂ ਵਿੱਚ ਹਿੱਸਾ ਲਿਆ, ਉਹਨਾਂ ਦੇ ਦੇਸ਼ ਨਾਲ ਆਪਣੇ ਵਿਲੱਖਣ ਅਧਿਆਤਮਿਕ ਅਤੇ ਸਭਿਆਚਾਰਕ ਸਬੰਧ ਦੀ ਸਮਝ ਹਾਸਲ ਕੀਤੀ।

Waterways of the West ਭਾਈਚਾਰਕ ਦ੍ਰਿਸ਼ਟੀਕੋਣ 2070, ਇਸ ਗੁੰਝਲਦਾਰ, ਜੁੜੇ ਹੋਏ, ਜਲਮਾਰਗਾਂ ਅਤੇ ਪਾਰਕਾਂ ਦੀਆਂ ਜ਼ਮੀਨਾਂ ਦੀ ਰਹਿਣ-ਸਹਿਣ ਪ੍ਰਣਾਲੀ ਲਈ ਪਹਿਲਾ, ਵਿਸ਼ਾਲ, ਲੰਬੀ ਮਿਆਦ ਦਾ ਦ੍ਰਿਸ਼ਟੀਕੋਣ ਹੈ। ਇਸ ਦਸਤਾਵੇਜ਼ ਦੇ ਅੰਦਰ ਸ਼ਾਮਲ ਦ੍ਰਿਸ਼ਟੀਕੋਣਾਂ ਦਾ ਉਦੇਸ਼ ਨੀਤੀ ਨਿਰਮਾਤਾਵਾਂ, ਜਲਮਾਰਗਾਂ ਅਤੇ ਭੂਮੀ ਪ੍ਰਬੰਧਕਾਂ ਅਤੇ ਭਾਈਚਾਰੇ ਦਾ ਮਾਰਗ ਦਰਸ਼ਨ ਕਰਨਾ ਹੈ, ਜਦੋਂ ਅਸੀਂ ਅਗਲੇ 50 ਸਾਲਾਂ ਵਿੱਚ Waterways of the West ਦੇ ਰਵਾਇਤੀ ਰੱਖਿਅਕਾਂ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਨਾਲ ਇਕੱਠੇ ਚੱਲ ਰਹੇ ਹਾਂ।

Waterways of the West ਭਾਈਚਾਰਕ ਇਕੱਠ ਦਾ, ਉਨ੍ਹਾਂ ਦੇ ਵਿਚਾਰਾਂ ਅਤੇ ਇੱਛਾਵਾਂ, ਉਨ੍ਹਾਂ ਦੀ ਸਖਤ ਮਿਹਨਤ ਅਤੇ Waterways of the West ਦੀ ਸਿਹਤ, ਪ੍ਰਬੰਧ ਅਤੇ ਭਵਿੱਖ ਵਿੱਚ ਸੁਧਾਰ ਕਰਨ ਲਈ ਵਚਨਬੱਧਤਾ ਸਾਂਝੀ ਕਰਨ ਲਈ ਧੰਨਵਾਦ ਕੀਤਾ ਜਾਂਦਾ ਹੈ।



ਮੈਰੀਬਿਓਂਗ, ਏਵਨਡੇਲ ਹਾਈਟਸ


# ਸਮੁੱਚਾ ਦ੍ਰਿਸ਼ਟੀਕੋਣ

ਸਾਡੀ ਦ੍ਰਿਸ਼ਟੀ ਸਾਰੇ ਪੱਛਮੀ ਖੇਤਰ ਵਿੱਚ ਸਿਹਤਮੰਦ, ਵੱਖ ਵੱਖ ਤਰ੍ਹਾਂ ਦੇ ਅਤੇ ਲੰਮੇ ਸਮੇਂ ਤੱਕ ਚੱਲਣ ਵਾਲੇ ਪਾਣੀ ਦੇ ਪ੍ਰਵਾਹ ਹਨ। ਵਿਭਿੰਨਤਾ ਵਾਲੇ ਭਾਈਚਾਰੇ ਵਜੋਂ ਅਸੀਂ ਇਕ ਦੂਸਰੇ ਨਾਲ ਜੁੜੀਆਂ ਨਦੀਆਂ, ਨਾਲਿਆਂ ਅਤੇ ਧਰਤੀ ਦੇ ਕੁਦਰਤੀ ਦ੍ਰਿਸ਼ਾਂ ਦੀ ਸੰਭਾਲ ਕਰਦੇ ਹਾਂ।

Bunurong, Wadawurrung and Wurundjeri Woi wurrung ਲੋਕਾਂ ਦੀਆਂ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਸਨਮਾਨ ਨਾਲ ਸਵੀਕਾਰ ਕਰਕੇ ਗਲੇ ਲਗਾਉਂਦੇ ਹੋਏ, ਅਸੀਂ ਦੇਸ਼ ਦੀ ਸੰਭਾਲ ਵਾਸਤੇ ਇਕੱਠੇ ਹੋ ਕੇ ਤੁਰਦੇ ਹਾਂ। Bunurong, Wadawurrung and Wurundjeri Woi wurrung ਲੋਕ ਦੇਸ਼ ਦੀ ਕਈ ਤਰੀਕਿਆਂ ਦੇ ਨਾਲ ਅਤੇ ਸਾਰੀਆਂ ਜਿਉਂਦੀਆਂ ਚੀਜ਼ਾਂ ਦੀ ਸੰਭਾਲ ਕਰਦੇ ਹਨ। ਸਹਿਯੋਗ ਨਾਲ ਕੰਮ ਕਰਦੇ ਹੋਏ, ਪੱਛਮੀ ਖੇਤਰ ਦੇ ਲੋਕ ਇਹਨਾਂ ਵਿਲੱਖਣ ਅਤੇ ਇਕ ਦੂਸਰੇ ਨਾਲ ਜੁੜੇ ਪਾਣੀ ਦੇ ਪ੍ਰਵਾਹਾਂ ਦੀ ਸੁਰੱਖਿਆ ਕਰਦੇ ਹਨ ਅਤੇ ਜਸ਼ਨ ਮਨਾਉਂਦੇ ਹਨ।

ਮੇਰੀਬਿਓਂਗ (Mirrangbamurn) ਅਤੇ ਵੈਰਿਬੀ (Wirribi Yaluk) ਨਦੀਆਂ, ਅਤੇ ਇਹਨਾਂ ਦੇ ਆਸ ਪਾਸ ਦੇ ਨਦੀਆਂ ਨਾਲੇ ਸਾਫ਼ ਵਗਦੇ ਹਨ। ਉਹ ਜ਼ਿੰਦਗੀ ਦੇ ਬਹੁਤ ਸਾਰੇ ਹਾਵਾਂ ਭਾਵਾਂ ਨਾਲ ਭਰੇ ਹੋਏ ਹਨ। ਇਹਨਾਂ ਦੇ ਕੰਢੇ ਦੇਸੀ ਬਨਸਪਤੀ ਅਤੇ ਜਾਨਵਰਾਂ ਨਾਲ ਭਰੇ ਹੋਏ ਹਨ।

ਜੰਗਲੀ ਪਹਾੜੀਆਂ ਵਿੱਚ ਕੁੰਗੂ ਵਰਗਾ, ਪਾਣੀ ਖੁੱਲ੍ਹੇ ਅਸਮਾਨ ਥੱਲੇ ਜਵਾਲਾਮੁਖੀ ਤੋਂ ਬਣੇ ਘਾਹ ਦੇ ਮੈਦਾਨਾਂ ਵਿੱਚੋਂ ਦੀ ਲੰਘਦਾ ਹੈ। ਇਹ ਰਿਸ ਕੇ ਟੋਭਿਆਂ ਤੇ ਦਲਦਲਾਂ ਨੂੰ ਕਾਇਮ ਰੱਖਦਾ ਹੈ, ਖੇਤਾਂ ਅਤੇ ਘਰਾਂ ਦੇ ਵਿੱਚ ਦੀ ਲੰਘਦਾ ਹੈ ਅਤੇ ਸੰਸਾਰ ਪ੍ਰਸਿੱਧ ਲੂਣ ਵਾਲੀਆਂ ਦਲਦਲਾਂ ਵਿੱਚ ਦੀ ਆਪਣਾ ਸਫਰ ਪੋਰਟ ਫਿਲਿਪ ਖਾੜੀ ਵਿੱਚ ਜਾ ਕੇ ਖਤਮ ਕਰਦਾ ਹੈ।






ਇਹਨਾਂ ਪਾਣੀਆਂ ਦੇ ਨਾਲ ਅਸੀਂ ਬੰਸਰੀ ਵਾਂਗ ਗਾਉਣ ਵਾਲੇ ਅਤੇ ਸੱਤ ਰੰਗੇ ਸ਼ਹਿਦ ਖਾਣ ਵਾਲੇ ਪੰਛੀਆਂ ਨੂੰ ਵੇਖਦੇ ਹਾਂ - ਜੋ ਨਾਲੇ ਦੇ ਕੰਢਿਆਂ ਤੇ ਆਲ੍ਹਣੇ ਬਣਾਉਂਦੇ ਹਨ, ਅਲਾਸਕਾ ਅਤੇ ਸਾਇਬੇਰੀਆ ਦੇ ਪਰਵਾਸੀ ਪੰਛੀ ਲੂਣ ਵਾਲੀਆਂ ਦਲਦਲਾਂ ਵਿੱਚ ਰੁੱਕ ਕੇ ਆਰਾਮ ਕਰਦੇ ਹਨ। ਪੀਲੇ ਰੰਗ ਦੇ ਡੱਡੂਆਂ ਦੇ ਮੂੰਹ ਵਰਗੇ ਚੂਚੇ, ਕੋਲੋਂ ਲੰਘਣ ਵਾਲਿਆਂ ਨੂੰ ਦਿੱਸ ਜਾਂਦੇ ਹਨ, ਅਤੇ ਹਵਾ ਇਹਨਾਂ ਘਾਹ ਦੇ ਡੱਡੂਆਂ ਅਤੇ ਪੌਬਲਬੌਂਕਸ ਦੀਆਂ ਅਵਾਜ਼ਾਂ ਵਾਲੇ ਗੀਤਾਂ ਨਾਲ ਭਰ ਜਾਂਦੀ ਹੈ।

ਅਸੀਂ ਪਾਣੀਆਂ ਦੀ ਇੱਜ਼ਤ ਅਤੇ ਕਦਰ ਕਰਦੇ ਹਾਂ ਜੋ ਇਹ ਸਾਨੂੰ ਦਿੰਦੇ ਹਨ: ਭੋਜਨ ਜੋ ਸਾਨੂੰ ਵੱਡੇ ਹੋਣ ਵਿੱਚ ਸਹਾਇਤਾ ਕਰਦਾ ਹੈ; ਥਾਂਵਾਂ ਜੋ ਸਾਡੀ ਭਲਾਈ ਦਾ ਵਿਕਾਸ ਕਰਦੀਆਂ ਹਨ, ਜਿਸ ਦੇ ਸੁਹੱਪਣ ਦਾ ਅਸੀਂ ਅਨੰਦ ਲੈਂਦੇ ਹਾਂ। ਇਹ ਉਹ ਜਗ੍ਹਾ ਹੈ ਜਿੱਥੇ ਅਸੀਂ ਮਿਲਦੇ ਤੇ ਇਕੱਠੇ ਹੁੰਦੇ ਹਾਂ, ਵਿਚਾਰਦੇ, ਦੌੜਦੇ ਅਤੇ ਖੇਡਦੇ ਹਾਂ।

WoW - ਇਹ ਇਕ ਜਜ਼ਬਾਤ ਹੈ ਜੋ Waterways of the West ਦੇ ਪ੍ਰਵਾਹਾਂ ਵਿੱਚੋਂ ਉਤਪੰਨ ਹੁੰਦਾ ਹੈ।




ਸਾਈਮਨ ਨੀਬੋਨ ਦੁਆਰਾ ਬਣਾਇਆ ਗਿਆ



ਡੀਪ ਕਰੀਕ, ਬੁੱਲਾ

# ਸ਼ਹਿਰਾਂ, ਉਪਨਗਰਾਂ ਅਤੇ ਕਸਬਿਆਂ ਲਈ ਦ੍ਰਿਸ਼ਟੀਕੋਣ

ਸੰਨਸ਼ਾਈਨ ਤੋਂ ਸਪੌਟਵੁੱਡ, ਮੈਲਟਨ ਤੋਂ ਵੈਰਿਬੀ ਸਾਊਥ, ਮੈਸੇਡਨ ਤੋਂ ਫੁੱਟਸਕਰੇਅ, ਭਾਈਚਾਰਾ ਸਾਡੇ ਪਾਣੀਆਂ ਦੇ ਗਲਿਆਰੇ ਰਾਹੀਂ ਜੁੜਦਾ ਅਤੇ ਵਹਿੰਦਾ ਹੈ।






ਸਾਡੇ ਪਾਣੀ ਦੇ ਰਸਤਿਆਂ ਦੇ ਨਾਲ ਨਾਲ ਫੁੱਟਸਕਰੇਅ ਪਾਰਕ, ਪੁਆਇੰਟ ਕੁੱਕ ਤੱਟਵਰਤੀ ਪਾਰਕ, ਬਰਮਿੰਘਮ ਰਿਜ਼ਰਵ ਅਤੇ ਕਈ ਹੋਰ ਪਾਰਕਾਂ ਵਿੱਚ ਅਸੀਂ ਵੱਖ ਵੱਖ ਸਭਿਆਚਾਰਾਂ ਦੇ ਪਰਿਵਾਰਾਂ ਨੂੰ ਇਕੱਠੇ ਹੋਏ ਅਤੇ ਜਸ਼ਨ ਮਨਾਉਂਦੇ ਹੋਏ ਵੇਖਦੇ ਹਾਂ। ਦੌੜਨ ਵਾਲੇ, ਕੰਮ ਨੂੰ ਆਉਂਦੇ ਜਾਂਦੇ ਸਾਈਕਲ ਚਾਲਕ, ਭਾਈਚਾਰੇ ਕੁਦਰਤੀ ਵਾਤਾਵਰਣ ਨਾਲ ਤਾਲਮੇਲ ਬਿਠਾ ਕੇ ਵਿਚਰਦੇ ਹਨ। ਬੱਚਿਆਂ ਦੀਆਂ ਪਾਣੀ ਵਿੱਚ ਛਾਲਾਂ ਮਾਰਨ ਦੀਆਂ ਅਵਾਜ਼ਾਂ, ਡੱਡੂਆਂ ਦੀ ਗੜੈਂ ਗੜੈਂ, ਪੰਛੀਆਂ ਦੇ ਗਾਉਣ ਦੀ ਆਵਾਜ਼ ਅਤੇ ਸ਼ਹਿਰੀ ਜ਼ਿੰਦਗੀ ਦੀ ਚਹਿਲ ਪਹਿਲ ਦੇ ਨਾਲ ਅਸੀਂ ਲੋਕਾਂ ਨੂੰ ਹੱਸਦੇ ਸੁਣਦੇ ਹਾਂ।

ਸਾਡੇ ਸ਼ਹਿਰਾਂ ਤੇ ਕਸਬਿਆਂ ਦੇ ਨਾਲ ਨਾਲ ਪਾਣੀ ਦੇ ਪ੍ਰਵਾਹਾਂ, ਜਿਵੇਂ ਮੂਨੀ ਪੌਂਡਜ਼ (ਮੂਨੀ ਮੂਨੀ) ਨਾਲੇ, ਕੋਲੋਂ ਸਾਈਕਲ ਚਲਾਉਣ ਵਾਲੇ ਦੇਸੀ ਬਨਸਪਤੀ ਅਤੇ ਜੰਗਲੀ ਜੀਵਾਂ ਵਾਲੇ ਕੁਦਰਤੀ ਸੁਰੱਖਿਅਤ ਖੇਤਰਾਂ ਵਿੱਚੋਂ ਦੀ ਲੰਘਦੇ ਹਨ। ਸ਼ਹਿਰੀ ਵਿਕਾਸ ਦੀ ਬਣਤਰ ਬਰਸਾਤੀ ਨਾਲੇ ਦੀ ਸਿਹਤ ਦੀ ਸੁਰੱਖਿਆ ਅਤੇ ਸੁਧਾਰਨ ਲਈ ਬਣਾਈ ਗਈ ਹੈ। ਧਰਤੀ ਦੇ ਕੁਦਰਤੀ ਦ੍ਰਿਸ਼ਾਂ ਨੂੰ ਵਾਪਸ ਪਹਿਲੀ ਵਾਲੀ ਹਾਲਤ ਵਿੱਚ ਵਾਪਸ ਲਿਆਉਣ ਅਤੇ ਵਧਾਉਣ ਵਿੱਚ ਭਾਈਚਾਰਿਆਂ ਨੂੰ ਆਪਣੀ ਹਿੱਸੇਦਾਰੀ ਉਪਰ ਮਾਣ ਹੈ ਜੋ ਕਿ ਲੋਕਾਂ ਅਤੇ ਵਾਤਾਵਰਣ ਦੀ ਭਲਾਈ ਨੂੰ ਵਧਾਉਂਦੇ ਹਨ।

ਅਸੀਂ ਲੁਕੇ ਹੋਈਆਂ ਕੁਦਰਤੀ ਬਸੇਰਿਆਂ, ਬਨਸਪਤੀ ਦੇ ਛੋਟੇ ਛੋਟੇ ਖੇਤਰਾਂ, ਸ਼ਹਿਰ ਤੋਂ ਦੂਰ ਇਕ ਜਗ੍ਹਾ ਥਾਣੀਂ ਘੁੰਮਦੇ ਫਿਰਦੇ ਹਾਂ ਅਤੇ ਰਸਤੇ ਦੇ ਨਾਲ ਨਾਲ ਪਾਣੀ ਦੇ ਪ੍ਰਵਾਹਾਂ ਦੀਆਂ ਇਤਿਹਾਸ ਦੀਆਂ ਪਰਤਾਂ ਅਤੇ ਵੱਖ ਵੱਖ ਸਬਕਾਂ ਨੂੰ ਯਾਦ ਕਰਦੇ ਹਾਂ।

# ਖੇਤੀਬਾੜੀ ਅਤੇ ਪੇਂਡੂ ਜ਼ਮੀਨਾਂ ਲਈ ਦ੍ਰਿਸ਼ਟੀਕੋਣ

ਖੇਤੀਬਾੜੀ ਵਾਲੇ ਖੇਤਰਾਂ ਵਿੱਚ, ਲੰਮੇ ਸਮੇਂ ਤੱਕ ਚੱਲਣ ਵਾਲੀ ਖੇਤੀਬਾੜੀ, ਸਿਹਤਮੰਦ ਪਾਣੀ ਦੇ ਪ੍ਰਵਾਹਾਂ ਦੀ ਸਫਲ ਵਾਤਾਵਰਣ ਪ੍ਰਣਾਲੀ ਦਾ ਹਿੱਸਾ ਹੈ। ਜਿੱਥੇ Bunurong, Wurundjeri Woi wurrung & Wadawurrung ਦੇ ਲੋਕਾਂ ਦਾ ਗਿਆਨ ਅਤੇ ਸਭਿਆਚਾਰਕ ਅਭਿਆਸ, ਰੋਜ਼ਾਨਾ ਟਿਕਾਊ ਖੇਤੀ ਦਾ ਹਿੱਸਾ ਬਣ ਗਏ ਹਨ। ਜਿੱਥੇ ਪਾਣੀ ਨੂੰ ਨਦੀਆਂ ਅਤੇ ਜਲਮਾਰਗਾਂ ਤੋਂ ਬਾਹਰ ਕੱਢਣ ਦੀ ਬਜਾਏ ਧਿਆਨ ਨਾਲ ਪ੍ਰਬੰਧਿਤ ਕੀਤਾ ਜਾਂਦਾ ਹੈ, ਵਰਤਿਆ ਜਾਂਦਾ ਹੈ ਅਤੇ ਦੁਬਾਰਾ ਵਰਤਿਆ ਜਾਂਦਾ ਹੈ।

ਇਹਨਾਂ ਦਿਹਾਤੀ ਇਲਾਕਿਆਂ ਵਿੱਚ ਪਾਣੀ ਦੇ ਪ੍ਰਵਾਹ ਭਰੇ ਹੋਏ ਅਤੇ ਵਗ ਰਹੇ ਹਨ, ਇਹ ਸ਼ਹਿਰੀ ਵਾਤਾਵਰਣ ਪ੍ਰਣਾਲੀਆਂ ਅਤੇ ਕੁਦਰਤੀ ਅਤੇ ਜੰਗਲੀ ਵਾਤਾਵਰਣਾਂ ਦੇ ਵਿੱਚਕਾਰ ਅਹਿਮ ਸਬੰਧਾਂ ਨੂੰ ਖੁਰਾਕ ਪਹੁੰਚਾਉਂਦੇ ਹਨ। ਹਰੇ ਭਰੇ ਗਲਿਆਰੇ ਭਾਈਚਾਰਿਆਂ ਨਾਲ ਇੱਕੋ ਥਾਂਵੇਂ ਰਲ ਮਿਲ ਕੇ ਰਹਿੰਦੇ ਹਨ ਅਤੇ ਇਹਨਾਂ ਨੂੰ ਲੰਮੇ ਸਮੇਂ ਤੱਕ ਚੱਲਣ ਵਾਲੀ ਗੁਆਂਢ ਦੀ ਖੇਤੀਬਾੜੀ ਵਾਲੀ ਜ਼ਮੀਨ ਦੇ ਨਾਲ ਜੋੜਦੇ ਹਨ।






ਮੈਸੇਡਨ ਤੋਂ ਬਾਲਾਨ, ਵੈਰਿਬੀ ਨਦੀ ਤੱਕ ਜਦੋਂ ਇਹ ਬੈਕਸ ਮਾਰਸ਼ ਅਤੇ ਵੈਰਿਬੀ ਸਿੰਜਾਈ ਜ਼ਿਲਿਆਂ ਰਾਹੀਂ ਵਗਦੀ ਹੈ, ਅਤੇ ਉਪਰਲੇ ਮੈਰੀਬਿਓਂਗ ਦੇ ਪਾਣੀ ਇਕੱਠਾ ਕਰਨ ਵਾਲੇ ਖੇਤਰ ਤੱਕ ਇਹ ਸ਼ਹਿਰੀ ਵਿਕਾਸ ਖੇਤਰ ਦੇ ਬਾਹਰ ਵਾਲਾ ਵਿਸ਼ਾਲ ਇਲਾਕਾ ਹੈ। ਘਾਹ ਦੇ ਮੈਦਾਨਾਂ ਰਾਹੀਂ ਅਤੇ ਵੈਰਿਬੀ ਖੱਡ ਵਰਗੀ ਜਗ੍ਹਾ ਦੇ ਸਾਹਮਣੇ ਉੱਚੀ ਨੀਵੀਂ ਖ਼ੂਬਸੂਰਤੀ ਅਤੇ ਇਸ ਦੇ ਪਾਣੀ ਦੇ ਪ੍ਰਵਾਹ ਦੇ ਰੰਗ ਅਤੇ ਆਕਾਰ ਕਈ ਰੂਪਾਂ ਵਿੱਚ ਬਦਲਦੇ ਹਨ।

ਅਸੀਂ ਚੀਜ਼ਾਂ ਨੂੰ ਕਿਵੇਂ ਕਰਦੇ ਹਾਂ ਸਹਿਯੋਗਤਾ ਉਸ ਦਾ ਕੇਂਦਰ ਬਿੰਦੂ ਹੈ। ਰਿਵਾਇਤੀ ਮਾਲਕਾਂ ਦੇ ਨਾਲ - Bunurong, Wadawurrung and Wurundjeri Woi wurrung ਲੋਕ, ਕਿਸਾਨ, ਭਾਈਚਾਰੇ ਅਤੇ ਸਰਕਾਰ ਦੇ ਸਾਰੇ ਪੱਧਰ ਇਕੱਠੇ ਹੋ ਕੇ ਸਾਡੇ ਜ਼ਰੂਰੀ ਭੋਜਨ ਭੰਡਾਰ ਦੀ ਸੁਰੱਖਿਆ ਕਰਦੇ ਹਨ, ਅਤੇ ਅੱਗੇ ਵਧਾਉਂਦੇ ਹਨ ਤਾਂ ਜੋ ਅਸੀਂ ਸਾਰੇ ਸਿਹਤਮੰਦ, ਵਧੀਆ ਗੁਣਵੱਤਾ ਵਾਲੇ ਭੋਜਨ ਤੋਂ ਫਾਇਦਾ ਲੈ ਸਕੀਏ। ਇਹ ਉਹ ਇਲਾਕਾ ਹੈ ਜਿੱਥੇ ਆਰਥਿਕਤਾ ਅਤੇ ਚੌਗਿਰਦੇ ਦੀ ਦੇਖਭਾਲ ਲੰਮੇ ਸਮੇਂ ਤੱਕ ਚੱਲਦੀ ਹੈ।

# ਕੁਦਰਤੀ ਸਥਾਨਾਂ ਅਤੇ ਜੰਗਲਾਂ ਲਈ ਦ੍ਰਿਸ਼ਟੀਕੋਣ




ਦਲਦਲਾਂ ਤੋਂ ਮੈਸੇਡਨ ਰੇਂਜਜ਼, ਪੱਛਮੀ ਇਲਾਕੇ ਦੇ ਸੁਰੱਖਿਅਤ ਪਾਣੀ ਦੇ ਪ੍ਰਵਾਹਾਂ ਕੋਲ ਕੁਦਰਤੀ ਜਲ ਸਰੋਤ ਹਨ ਅਤੇ ਪੁਰਾਣੇ ਤੇ ਸਿਹਤਮੰਦ ਹਨ - ਸਰੋਤ ਤੋਂ ਲੈ ਕੇ ਸਮੁੰਦਰ ਤੱਕ ਬਹੁਤ ਸਾਰੇ ਵਿਲੱਖਣ ਜੀਵ ਜੰਤੂਆਂ ਤੇ ਬਨਸਪਤੀ ਨੂੰ ਸਹਿਯੋਗ ਪ੍ਰਦਾਨ ਕਰਦੇ ਹਨ।

ਦੂਰ ਦੂਰ ਤੱਕ ਫੈਲੇ ਹੋਏ ਵਿਕਟੋਰੀਆ ਦੇ ਜਵਾਲਾਮੁਖੀ ਮੈਦਾਨਾਂ ਦੇ ਵਿੱਚ, ਲੋਕੀਂ ਖੁੱਲ੍ਹੇ ਅਸਮਾਨ ਅਤੇ ਰੁੱਖਾਂ ਦੀਆਂ ਸਹਿਜ ਭਰੀਆਂ ਲਹਿਰਦਾਰ ਕਤਾਰਾਂ ਨੂੰ ਸਲਾਹੁੰਦੇ ਹਨ। ਇਸ ਵਾਤਾਵਰਣ ਦੇ ਮਹੱਤਵਪੂਰਣ ਕੁਦਰਤੀ ਦ੍ਰਿਸ਼ ਬਹੁਤ ਤਰ੍ਹਾਂ ਦੇ ਪੰਛੀਆਂ ਅਤੇ ਕੀੜੇ ਮਕੌੜਿਆਂ ਨੂੰ ਪਾਲਦੇ ਹਨ ਜੋ ਸਿਹਤਮੰਦ ਚੌਗਿਰਦੇ ਨੂੰ ਬਣਾਈ ਰੱਖਣ ਲਈ ਜ਼ਰੂਰੀ ਹਨ।

ਚੀਥਮ ਦਲਦਲਾਂ, ਹੋਰ ਤੱਟਵਰਤੀ ਦਲਦਲਾਂ ਅਤੇ ਜ਼ਮੀਨ ਉਪਰਲੀਆਂ ਕਈ ਹਜ਼ਾਰਾਂ ਦਲਦਲਾਂ ਬਹੁਤ ਸਾਰੇ ਦੇਸੀ ਅਤੇ ਪਰਵਾਸੀ ਪੰਛੀਆਂ ਦਾ ਘਰ ਹਨ - ਭੋਜਨ ਅਤੇ ਬੱਚੇ ਦੇਣ ਲਈ - ਇਸ ਦੇ ਨਾਲ ਨਾਲ ਲੋਕਾਂ ਵਾਸਤੇ ਕੁਦਰਤ ਨਾਲ ਜੁੜਨ ਅਤੇ ਸੈਰ ਕਰਨ ਲਈ ਜਗ੍ਹਾਵਾਂ ਹਨ।






ਜੰਗਲੀ ਇਲਾਕਿਆਂ ਵਿੱਚ, ਜਿਵੇਂ ਕਿ ਵੌਮਬੈਟ ਜੰਗਲ ਅਤੇ ਮੈਸੇਡਨ ਰੇਂਜਜ਼, ਘੁੰਮਣ ਆਏ ਲੋਕ ਕੁਦਰਤੀ ਇਲਾਕਿਆਂ ਤੱਕ ਪਹੁੰਚ ਦੇ ਨਾਲ ਉਹਨਾਂ ਲਈ ਬਣਾਈਆਂ ਗਈਆਂ ਸਹੂਲਤਾਂ ਦਾ ਆਨੰਦ ਮਾਣਦੇ ਹਨ। ਉਹ ਖੁਸ਼ਬੋ ਵਿੱਚ ਡੁੱਬ ਕੇ, ਮੁੜ ਸੁਰਜੀਤ ਕੀਤੇ ਜੰਗਲ ਨੂੰ ਵੇਖ ਸੁਣ ਕੇ ਕੁਦਰਤ ਨਾਲ ਜੁੜੇ ਮਹਿਸੂਸ ਕਰਦੇ ਹਨ: ਪੰਛੀਆਂ ਦੇ ਗੀਤਾਂ ਅਤੇ ਕੀੜੇ ਮਕੌੜਿਆਂ ਦੀਆਂ ਗੂੰਜਾਂ, ਸਫੈਦੇ ਦੇ ਜੰਗਲਾਂ ਵਿੱਚ ਭੋਜਨ ਲੱਭਦੇ ਦੇਸੀ ਜੰਗਲੀ ਜੀਵ, ਅਤੇ ਲੰਮੇ ਸਮੇਂ ਤੱਕ ਜ਼ਿੰਦਗੀ ਨੂੰ ਸੰਭਾਲਦੀਆਂ ਸਿਹਤਮੰਦ ਨਦੀਆਂ। ਧਰਤੀ ਮਾਤਾ ਦੇ ਸਨਮਾਨ ਰਾਹੀਂ ਜਨਮ ਦੇ ਕੇ ਇਹ ਵਾਤਾਵਰਣ ਪ੍ਰਣਾਲੀਆਂ ਨੂੰ ਸੰਤੁਲਿਤ ਬਣਾਈ ਰੱਖਣ ਦਾ ਇਸ਼ਾਰਾ ਕਰਦਾ ਹੈ।

ਸਾਫ਼ ਪਾਣੀ ਇਕੱਠਾ ਕਰਨ ਦੇ ਇਲਾਕਿਆਂ ਅਤੇ ਸਾਡੇ ਜੰਗਲੀ ਜੀਵਾਂ ਵਾਸਤੇ ਦੇਸੀ ਤਰੀਕੇ ਨਾਲ ਰਹਿਣ ਦੀਆਂ ਥਾਂਵਾਂ ਦੀ ਸੰਭਾਲ ਲਈ ਸਾਡੇ ਭਾਈਚਾਰੇ ਇਲਾਕਿਆਂ ਨੂੰ ਸੁਰੱਖਿਅਤ ਵਾਤਾਵਰਣ ਵਜੋਂ ਬਣਾਈ ਰੱਖਣ ਦਾ ਸਨਮਾਨ ਕਰਦੇ ਹਨ। ਅਸੀਂ ਤਜ਼ਰਬਿਆਂ, ਸਭਿਆਚਾਰਕ ਰੀਤੀ ਰਿਵਾਜਾਂ ਅਤੇ ਸਾਡੀ ਜ਼ਮੀਨ ਦੇ ਰਿਵਾਇਤੀ ਮਾਲਕਾਂ; Bunurong, Wadawurrung and Wurundjeri Woi wurrung ਲੋਕਾਂ ਦੀਆਂ ਸਭਿਆਚਾਰਕ ਕਦਰਾਂ ਦੀ ਸਮਝ ਤੋਂ ਸਿੱਖਿਆ ਹੈ।

ਪੱਛਮੀ ਇਲਾਕੇ ਦੇ ਫੇਫੜਿਆ ਵਜੋਂ, ਦਿਹਾਤ ਵਿੱਚ ਸਮਾਂ ਬਤੀਤ ਕਰਨ ਦੀ ਬਹਾਲੀ ਤਾਕਤ ਦੇ ਰਾਹੀਂ ਸਾਡੀਆਂ ਸਾਂਝੀਆਂ ਜਗ੍ਹਾਵਾਂ ਸਾਡੇ ਭਾਈਚਾਰਿਆਂ ਲਈ ਸਿਹਤ ਅਤੇ ਭਲਾਈ ਦਾ ਸੁਨੇਹਾ ਲੈ ਕੇ ਆਉਂਦੀਆਂ ਹਨ।



ਸਾਈਮਨ ਨੀਬੋਨ ਦੁਆਰਾ ਬਣਾਇਆ




ਸਾਈਮਨ ਨੀਬੋਨ ਦੁਆਰਾ ਬਣਾਇਆ






ਟ੍ਰੀਟੇਬਲ ਕ੍ਰੀਕ, ਮਾਊਂਟ ਮੈਸੇਡਨ

# WATERWAYS OF THE WEST ਦਾ ਵਿਕਾਸ ਕਰਨਾ ਭਾਈਚਾਰਕ ਦ੍ਰਿਸ਼ਟੀਕੋਣ

ਭਾਈਚਾਰਕ ਇਕੱਠ ਵਰਕਸ਼ਾਪਾਂ





## ਭਾਈਚਾਰੇ ਦਾ ਇਕੱਠ

ਮਈ 2019 ਵਿੱਚ, Waterways of the West ਭਾਈਚਾਰਕ ਇਕੱਠ ਨੂੰ ਬਨਾਉਣ ਲਈ ਦਿਲਚਸਪੀ ਦਾ ਪ੍ਰਗਟਾਵਾ ਦਰਜ ਕਰਨ ਦੇ ਸੱਦੇ ਇੱਕ ਸੁਤੰਤਰ, ਬੇਤਰਤੀਬ ਪ੍ਰਕਿਰਿਆ ਰਾਹੀਂ Waterways of the West ਵਿੱਚ ਫੈਲੇ 5,000 ਈਮੇਲ ਪਤਿਆਂ ਉੱਤੇ ਭੇਜੇ ਗਏ ਸਨ। ਫਿਰ ਦਿਲਚਸਪੀ ਜ਼ਾਹਰ ਕਰਨ ਵਾਲੇ ਉੱਤਰ ਦੇਣ ਵਾਲਿਆਂ ਨੂੰ ਇੱਕ ਪੂਲ ਵਿੱਚ ਰੱਖਿਆ ਗਿਆ ਸੀ, ਅਤੇ ਅਗਾਂਹ ਜਨਸੰਖਿਆ ਅੰਕੜੇ ਅਤੇ ਹੋਰ ਮੁੱਖ ਛਾਨਣ ਦੇ ਤਰੀਕਿਆਂ ਦੇ ਅਧਾਰ 'ਤੇ ਸ਼੍ਰੇਣੀਆਂ ਵਿੱਚ ਰੱਖਿਆ ਗਿਆ ਸੀ। ਭਾਈਚਾਰਕ ਇਕੱਠ ਦੇ 45 ਮੈਂਬਰਾਂ ਦੇ ਅੰਤਿਮ ਚੁਣੇ ਗਏ ਸਮੂਹ ਨੇ ਮੋਟੇ ਤੌਰ 'ਤੇ Waterways of the West ਭਾਈਚਾਰੇ ਦੀ ਜਨਸੰਖਿਆ ਨੂੰ ਦਰਸਾਇਆ। ਇਸ ਖੇਤਰ ਦੇ ਸਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ (CALD) ਭਾਈਚਾਰੇ ਅਤੇ Waterways of the West ਦੇ ਵਿਦਿਆਰਥੀਆਂ ਨਾਲ ਸਮਾਨਾਂਤਰ ਗੱਲਬਾਤ ਦੇ ਪ੍ਰੋਗਰਾਮ ਸਥਾਪਤ ਕੀਤੇ ਗਏ ਸਨ ਤਾਂ ਜੋ ਉਨ੍ਹਾਂ ਦਾ ਸਹਿਯੋਗ ਅਤੇ ਵਿਚਾਰ ਪ੍ਰਾਪਤ ਕੀਤੇ ਜਾ ਸਕਣ।





ਸਾਈਮਨ ਨੀਬੋਨ ਦੁਆਰਾ ਬਣਾਇਆ



*Wurundjeri Woi wurrung ਵਡੇਰੇ, ਅੰਕਲ ਡੇਵ, ਅਸੈਂਬਲੀ ਲਈ ਪਵਿੱਤਰ ਧੂੰਏਂ ਵਾਲੇ ਸਮਾਰੋਹ ਦਾ ਸੰਚਾਲਨ ਕਰ ਰਹੇ ਹਨ*

ਇਕੱਠ ਨੇ ਮਿਲ ਕੇ ਕੰਮ ਕੀਤਾ ਅਤੇ ਇਸ ਸਵਾਲ: ਦਾ *ਜਵਾਬ ਦਿੱਤਾ ਕਿ 2070 ਤੱਕ ਇਨ੍ਹਾਂ ਜਲਮਾਰਗਾਂ ਲਈ ਸਾਡਾ ਦ੍ਰਿਸ਼ਟੀਕੋਣ ਕੀ ਹੋਣਾ ਚਾਹੀਦਾ ਹੈ?* ਦੋ ਦਿਨਾਂ ਦੌਰਾਨ, ਵਿਧਾਨ ਸਭਾ ਦੇ ਮੈਂਬਰਾਂ ਨੇ ਜਲਮਾਰਗ ਮਾਹਰਾਂ, ਭਾਈਚਾਰੇ ਦੇ ਆਗੂਆਂ ਅਤੇ ਸਕੂਲੀ ਵਿਦਿਆਰਥੀਆਂ ਤੋਂ ਵਿਚਾਰਾਂ ਨੂੰ ਸੁਣਿਆ। ਉਨ੍ਹਾਂ ਨੇ Wurundjeri Woi wurrung and Wadawurrung ਰਵਾਇਤੀ ਮਾਲਕਾਂ ਤੋਂ ਸੁਣਿਆ, ਜੋ ਦੇਸ਼ ਨਾਲ ਉਨ੍ਹਾਂ ਦੇ ਨਿਰੰਤਰ ਸਬੰਧ ਅਤੇ ਇਸ ਖੇਤਰ ਦੀ ਸਭਿਆਚਾਰਕ ਮਹੱਤਤਾ ਬਾਰੇ ਇੱਕ ਵਿਲੱਖਣ, ਆਪਸ ਵਿੱਚ ਜੁੜੀ ਰਹਿਣ-ਸਹਿਣ ਪ੍ਰਣਾਲੀ ਵਜੋਂ ਸਿੱਖ ਰਹੇ ਸਨ। ਦੋ ਦਿਨਾਂ ਦੇ ਅਖੀਰ 'ਤੇ, ਅਸੈਂਬਲੀ ਨੇ ਆਪਣੇ ਦ੍ਰਿਸ਼ਟੀਕੋਣ ਨੂੰ ਅੰਤਿਮ ਰੂਪ ਦੇਣ ਲਈ ਇੱਕ ਵਾਰੀ ਹੋਰ ਵਾਪਸ ਆਉਣ ਦੀ ਲੋੜ ਮਹਿਸੂਸ ਕੀਤੀ। ਇਸ ਅੰਤਿਮ ਵਰਕਸ਼ਾਪ ਵਿੱਚ ਇਕੱਠ ਦੇ 21 ਮੈਂਬਰ ਸ਼ਾਮਲ ਹੋਏ, ਜਿਨ੍ਹਾਂ ਨੇ ਆਪਣੀਆਂ ਪਿਛਲੀਆਂ ਸਿੱਖਿਆਵਾਂ ਨੂੰ ਇਕੱਠਾ ਕੀਤਾ, ਸਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ (CALD) ਰੁਝੇਵਿਆਂ ਦੇ ਨਤੀਜਿਆਂ ਦੀ ਪੜਚੋਲ ਕੀਤੀ, ਅਤੇ Waterways of the West ਲਈ ਗਤੀਸ਼ੀਲ, ਦਿਲ ਨਾਲ ਮਹਿਸੂਸ ਕੀਤੇ ਦ੍ਰਿਸ਼ਟੀਕੋਣ ਪ੍ਰਦਾਨ ਕਰਨ ਲਈ ਰਵਾਇਤੀ ਮਾਲਕ MAC ਮੈਂਬਰਾਂ ਨਾਲ ਵਧੇਰੇ ਸਮਾਂ ਬਿਤਾਇਆ।

ਇਹ ਡਰਾਇੰਗ ਭਾਈਚਾਰਕ ਇਕੱਠ ਦੀ ਯਾਤਰਾ ਨੂੰ ਦਰਸਾਉਂਦੀ ਹੈ - ਜਿਸ ਵਿੱਚ ਮੁੱਖ ਘਟਨਾਵਾਂ ਅਤੇ ਕੁਝ ਸਹਾਇਕ ਪ੍ਰਕਿਰਿਆਵਾਂ ਅਤੇ ਗਤੀਵਿਧੀਆਂ ਸ਼ਾਮਲ ਹਨ।



# ਸਕੂਲ ਦਾ ਦ੍ਰਿਸ਼ਟੀਕੋਣ

Waterways of the West ਲਈ ਵਿਦਿਆਰਥੀਆਂ ਨੂੰ ਆਵਾਜ਼ ਦੇਣ ਲਈ, ਨਿਸ਼ਾਨੇ ਵਾਲਾ ਸਕੂਲ ਰੁਝੇਵੇਂ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ, ਜਿਸ ਵਿੱਚ ਵਿਦਿਆਰਥੀ ਭਾਈਚਾਰਕ ਇਕੱਠ ਨੂੰ ਆਪਣਾ ਸੁਪਨਾ ਪੇਸ਼ ਕਰਦੇ ਸਨ। ਇਸ ਪ੍ਰੋਗਰਾਮ ਨੂੰ ਮੈਰੀਬਿਓਂਗ ਅਤੇ ਵੈਰੀਬੀ ਦੋਵਾਂ ਕੈਚਮੈਂਟਾਂ ਦੇ ਸਕੂਲਾਂ ਨਾਲ ਵੈਰੀਬੀ ਰਿਵਰ ਐਸੋਸੀਏਸ਼ਨ ਦੁਆਰਾ ਚਲਾਇਆ ਗਿਆ ਸੀ।




ਸਾਈਮਨ ਨੀਬੋਨ ਦੁਆਰਾ ਬਣਾਇਆ ਗਿਆ

ਸਕੂਲ ਦੇ ਵਿਦਿਆਰਥੀ ਵੈਰੀਬੀ ਨਦੀ ਦੇ ਕੰਢੇ ਸਿੱਖ ਰਹੇ ਹਨ,
ਵੈਰੀਬੀ ਨਦੀ ਲਈ ਵਿਦਿਆਰਥੀਆਂ ਦਾ ਦ੍ਰਿਸ਼ਟੀਕੋਣ, ਵੈਰੀਬੀ ਰਿਵਰਕੀਪਰ ਦੇ ਸਹਿਯੋਗ ਨਾਲ



**ਪੱਛਮ ਦੇ ਵਿਦਿਆਰਥੀ ਚਾਹੁੰਦੇ ਹਨ, ਕਿ ਜਲਮਾਰਗ ਕੁਦਰਤੀ ਸੁੰਦਰਤਾ ਦੇ ਸਥਾਨ ਹੋਣ, ਜਿਸ ਵਿੱਚ ਸ਼ਾਨਦਾਰ ਨਿਵਾਸਾਂ ਅਤੇ ਸਾਫ਼, ਸਿਹਤਮੰਦ ਜਲਮਾਰਗਾਂ ਵਿੱਚ ਬਹੁਤ ਸਾਰੇ ਦੇਸੀ ਜੰਗਲੀ ਜੀਵ ਰਹਿੰਦੇ ਹੋਣ।**

**ਵਿਦਿਆਰਥੀ ਕੁਦਰਤੀ ਤੌਰ 'ਤੇ ਖੇਡਣਾ ਚਾਹੁੰਦੇ ਹਨ ਜਾਂ ਚੰਗੀ ਤਰ੍ਹਾਂ ਲੈਸ ਜਨਤਕ ਸਥਾਨ ਵਿੱਚੋਂ ਲੰਘਣ ਲਈ ਛਾਂਅਦਾਰ ਰਸਤਿਆਂ ਦੀ ਵਰਤੋਂ ਕਰਨਾ ਚਾਹੁੰਦੇ ਹਨ, ਜਿੱਥੇ ਲੋਕ ਕੁਦਰਤ ਅਤੇ ਜਾਨਵਰਾਂ ਨਾਲ ਸੁਰੱਖਿਅਤ ਤਰੀਕੇ ਨਾਲ ਗੱਲਬਾਤ ਕਰਦੇ ਹਨ, ਆਰਾਮ ਕਰਦੇ ਹਨ ਅਤੇ ਬਾਹਰਵਾਰ ਖਾਣ ਦਾ ਅਨੰਦ ਜਾਂ ਪਨਾਹ ਲੈਂਦੇ ਹਨ, ਅਤੇ ਪ੍ਰਦੂਸ਼ਣ ਜਾਂ ਕੂੜੇ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ ਹੁੰਦੀ।**



**ਵਿਦਿਆਰਥੀ ਹਰ ਪੱਧਰ ਦੀ ਸਰਕਾਰ ਨੂੰ ਜਲਮਾਰਗਾਂ, ਲੋਕਾਂ ਅਤੇ ਕੁਦਰਤ ਲਈ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ, ਅਤੇ ਭਾਈਚਾਰੇ ਨੂੰ ਸਿਹਤਮੰਦ ਜੀਵਨਸ਼ੈਲੀ ਦਾ ਅਨੰਦ ਲੈਣ ਲਈ ਜਾਗਰੂਕ ਕਰਨ ਲਈ ਕਸਬੇ ਦੀ ਯੋਜਨਾਬੰਦੀ ਦਾ ਪ੍ਰਬੰਧ ਕਰਨ ਲਈ ਸਹਿਯੋਗ ਕਰਦੇ ਦੇਖਣਾ ਚਾਹੁੰਦੇ ਹਨ।**










# ਸਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨਤਾ (CALD) ਵਾਲੇ ਰੁਝੇਵੇਂ

Waterways of the West ਖੇਤਰ ਦੀ ਇੱਕ ਅਮੀਰ, ਵਿਭਿੰਨ ਬਹੁ-ਸਭਿਆਚਾਰਕ ਆਬਾਦੀ ਹੈ। ਸਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ (CALD) ਭਾਈਚਾਰੇ ਦੇ ਮੈਂਬਰਾਂ ਦੀ ਨਿਸ਼ਾਨਾ-ਬੱਧ ਸ਼ਮੂਲੀਅਤ ਮਹੱਤਵਪੂਰਣ ਸੀ। ਵੀਅਤਨਾਮੀ ਅਤੇ ਉੱਭਰ ਰਹੇ ਪ੍ਰਵਾਸੀ ਭਾਈਚਾਰਿਆਂ ਨੂੰ, ਇਹ ਜ਼ਾਹਰ ਕਰਨ ਲਈ ਫੋਕਸ ਗਰੁੱਪਾਂ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਗਿਆ ਸੀ, ਕਿ ਉਹ Waterways of the West ਅਤੇ ਉਨ੍ਹਾਂ ਦੀਆਂ ਜ਼ਮੀਨਾਂ ਨੂੰ ਕਿਵੇਂ ਅਤੇ ਕਿਉਂ ਵਰਤਦੇ ਹਨ, ਅਤੇ ਏਜੰਸੀਆਂ ਇਨ੍ਹਾਂ ਥਾਵਾਂ ਦੀ ਭਵਿੱਖ ਦੀ ਯੋਜਨਾਬੰਦੀ ਅਤੇ ਪ੍ਰਬੰਧ ਵਿੱਚ CALD ਭਾਈਚਾਰਿਆਂ ਨੂੰ ਕਿਵੇਂ ਸ਼ਾਮਲ ਕਰਨਾ ਜਾਰੀ ਰੱਖ ਸਕਦੀਆਂ ਹਨ।











*CALD ਭਾਈਚਾਰਕ ਵਰਕਸ਼ਾਪਾਂ*



ਲਿਟਲ ਰਿਵਰ, ਬਾਲਿਆਂਗ




*Waterways of the West* ਭਾਈਚਾਰਕ ਇਕੱਠ
ਅਤੇ ਮੰਤਰੀ ਸਲਾਹਕਾਰ ਕਮੇਟੀ ਦੇ ਮੈਂਬਰ

## Glossary

**ਦੇਸ਼ ਦੀ ਸੰਭਾਲ ਕਰਨਾ:** ਰਿਵਾਇਤੀ ਮਾਲਕਾਂ ਦੇ ਆਪਣੇ ਦੇਸ਼ ਨਾਲ ਪਰਤੱਖ ਅਤੇ ਅਪਰਤੱਖ ਵਾਲੇ ਸਬੰਧ ਹਨ। ਇਹ ਸਭਿਆਚਾਰਕ, ਅਧਿਆਤਮਕ ਅਤੇ ਸਰੀਰਕ ਸਬੰਧ, ਪਛਾਣ, ਰਿਵਾਇਤਾਂ, ਵਿਲੱਖਣ ਗਿਆਨ, ਹੱਕ ਤੇ ਜ਼ਿੰਮੇਵਾਰੀਆਂ, ਪਰਿਵਾਰ, ਭਾਸ਼ਾ ਅਤੇ ਭਲਾਈ ਦੇ ਨਾਲ ਘੁਲਿਆ ਮਿਲਿਆ ਹੈ। ਰਿਵਾਇਤੀ ਮਾਲਕਾਂ ਕੋਲ ਦੇਸ਼ ਦੀ ਸੰਭਾਲ ਅਤੇ ਇਸ ਦਾ ਧਿਆਨ ਰੱਖਣ ਦੀ ਡੂੰਘੀ ਸਭਿਆਚਾਰਕ ਜ਼ਿੰਮੇਵਾਰੀ ਹੈ।

**ਮੀਂਹ ਦਾ ਪਾਣੀ ਇਕੱਠਾ ਹੋਣ ਵਾਲੀ ਜਗ੍ਹਾ:** ਜ਼ਮੀਨ ਦਾ ਇਕ ਇਲਾਕਾ ਜਿੱਥੇ ਮੀਂਹ ਦਾ ਪਾਣੀ ਇਕੱਠਾ ਹੋ ਕੇ ਅਤੇ ਵਹਿ ਕੇ ਨਦੀ ਦੀ ਇੱਕ ਪ੍ਰਣਾਲੀ ਵਿੱਚ ਚਲੇ ਜਾਂਦਾ ਹੈ।

**ਦੇਸ਼:** ਹੋਰਨਾਂ ਚੀਜ਼ਾਂ ਦੇ ਨਾਲ ਨਾਲ, ਮੂਲਵਾਸੀ ਸਭਿਆਚਾਰ ਦੇ ਵਿੱਚ ਜ਼ਮੀਨਾਂ, ਪਾਣੀਆਂ, ਜੱਦੀ ਜੀਵਾਂ, ਪਰਿਵਾਰ, ਬਨਸਪਤੀ ਅਤੇ ਜੀਵਾਂ ਦੇ ਮਿਥੇ ਹੋਏ ਭੂਗੋਲਿਕ ਖੇਤਰਾਂ ਨਾਲ ਰਿਸ਼ਤੇ ਸ਼ਾਮਲ ਹਨ। ਰਿਵਾਇਤੀ ਮਾਲਕਾਂ ਲਈ, ਦੇਸ਼ ਪਛਾਣ ਦਾ ਇਕ ਹਿੱਸਾ ਹੈ ਅਤੇ ਡੂੰਘੇ ਤੌਰ ਤੇ ਨਿੱਜੀ ਹੈ। ਰਿਵਾਇਤੀ ਮਾਲਕਾਂ ਦੇ ਦੇਸ਼ ਪ੍ਰਤੀ ਵਿਲੱਖਣ ਹੱਕ, ਜ਼ਿੰਮੇਵਾਰੀਆਂ ਅਤੇ ਫਰਜ਼ ਹਨ।

**ਵਾਤਾਵਰਣ ਪ੍ਰਣਾਲੀ:** ਪੌਦੇ, ਜਾਨਵਰ, ਉੱਲੀ ਅਤੇ ਜੀਵਾਣੂਆਂ ਦੇ ਭਾਈਚਾਰਿਆਂ ਦਾ ਗਤੀਸ਼ੀਲ ਸਮੂਹ ਅਤੇ ਨਾਲ ਜੁੜਿਆ ਬੇਜਾਨ ਵਾਤਾਵਰਣ ਇਕ ਵਾਤਾਵਰਣ ਇਕਾਈ ਵਜੋਂ ਇਕ ਦੂਸਰੇ ਉਪਰ ਪ੍ਰਭਾਵ ਪਾਉਂਦਾ ਹੈ।

**ਰਿਵਾਇਤੀ ਮਾਲਕ:** ਲੋਕ ਜਿਹੜੇ ਖਾਨਦਾਨੀ ਸਮੂਹ ਜਾਂ ਕਬੀਲੇ ਦੇ ਮੈਂਬਰ ਹੋਣ ਵਜੋਂ ਖਾਸ ਦੇਸ਼ ਦਾ ਧਿਆਨ ਰੱਖਣ ਲਈ ਜ਼ਿੰਮੇਵਾਰ ਹੁੰਦੇ ਹਨ। ਰਿਵਾਇਤੀ ਮਾਲਕਾਂ ਨੂੰ ਦੇਸ਼ ਬਾਰੇ ਬੋਲਣ, ਇਸ ਦੇ ਵਸੀਲਿਆਂ ਅਤੇ ਕਹਾਣੀਆਂ ਦੱਸਣ ਦਾ ਅਧਿਕਾਰ ਹੈ। ਉਹਨਾਂ ਕੋਲ ਵਿਲੱਖਣ ਹੱਕ, ਜ਼ਿੰਮੇਵਾਰੀਆਂ ਅਤੇ ਗਿਆਨ ਹੈ।

**ਸਹਾਇਕ ਨਦੀਆਂ:** ਤਾਜ਼ੇ ਪਾਣੀ ਦੀ ਧਾਰਾ ਜੋ ਕਿ ਵੱਡੇ ਪ੍ਰਵਾਹ ਜਾਂ ਨਦੀ ਵਿੱਚ ਜਾ ਕੇ ਮਿਲਦੀ ਹੈ। ਜਿਸ ਸਥਾਨ ਉਪਰ ਸਹਾਇਕ ਨਦੀ ਮੁੱਖ ਨਦੀ ਵਿੱਚ ਜਾ ਕੇ ਮਿਲਦੀ ਹੈ ਉਸ ਨੂੰ ਸੰਗਮ ਕਿਹਾ ਜਾਂਦਾ ਹੈ। ਸਹਾਇਕ ਨਦੀਆਂ ਸਿੱਧੀਆਂ ਸਮੁੰਦਰ ਵਿੱਚ ਜਾ ਕੇ ਨਹੀਂ ਡਿੱਗਦੀਆਂ ਹਨ।

**ਪਾਣੀ ਦੇ ਪ੍ਰਵਾਹ:** ਨਦੀਆਂ ਅਤੇ ਨਾਲੇ, ਉਹਨਾਂ ਦੀਆਂ ਸਹਾਇਕ ਨਦੀਆਂ ਅਤੇ ਹੜ੍ਹ ਦੇ ਮੈਦਾਨ (ਹੜ੍ਹ ਦੇ ਮੈਦਾਨਾਂ ਵਾਲੀਆਂ ਦਲਦਲਾਂ ਸਮੇਤ) ਅਤੇ ਬਿਨਾਂ-ਨਦੀਆਂ ਦੇ ਪਾਣੀ ਵਾਲੀਆਂ ਦਲਦਲਾਂ।

**Waterways of the West:** ਇਸ ਵਿੱਚ ਵੈਰਿਬੀ ਦੇ ਵਿੱਚ ਪਾਣੀ ਦੇ ਸਾਰੇ ਪ੍ਰਵਾਹਾਂ ਅਤੇ ਨਾਲ ਲੱਗਦੀਆਂ ਜ਼ਮੀਨਾਂ (Wirribi Yaluk) ਅਤੇ ਮੈਰੀਬਿਓਂਗ (Mirrangbamurn) ਨਦੀ ਦਾ ਪਾਣੀ ਇਕੱਠਾ ਕਰਨ ਵਾਲਾ ਇਲਾਕਾ ਅਤੇ ਮੂਨੀ ਪੌਂਡਜ਼ (ਮੂਨੀ ਮੂਨੀ) ਨਾਲੇ ਦਾ ਪਾਣੀ ਇਕੱਠਾ ਕਰਨ ਵਾਲਾ ਇਲਾਕਾ - ਜਿਵੇਂ ਕਿ ਮੈਲਬਰਨ ਵਾਟਰ ਦੀ ਸਿਹਤਮੰਦ ਪਾਣੀ ਦੇ ਪ੍ਰਵਾਹਾਂ ਦੀ ਰਣਨੀਤੀ ਵਿੱਚ ਵਿਖਾਇਆ ਗਿਆ ਹੈ, ਸ਼ਾਮਲ ਹਨ। ਇਹਨਾਂ ਵਿੱਚ ਮੁੱਖ ਜਲ ਪ੍ਰਵਾਹਾਂ ਦੀਆਂ ਸ਼ਾਖਾਵਾਂ, ਉਹਨਾਂ ਦੀਆਂ ਸਹਾਇਕ ਨਦੀਆਂ ਅਤੇ ਮੀਂਹ ਦਾ ਪਾਣੀ ਇਕੱਠਾ ਹੋਣ ਵਾਲੇ ਇਲਾਕੇ ਦੀਆਂ ਦਲਦਲਾਂ ਸ਼ਾਮਲ ਹਨ।

**ਦਲਦਲਾਂ:** ਦਲਦਲਾਂ ਉਹ ਇਲਾਕੇ ਹਨ, ਜੋ ਕਿ ਭਾਂਵੇਂ ਕੁਦਰਤੀ, ਸੋਧੀਆਂ ਜਾਂ ਬਣਾਉਟੀ ਹੋ ਸਕਦੀਆਂ ਹਨ, ਜੋ ਰੁਕੇ ਹੋਏ ਪਾਣੀ ਜਾਂ ਬਹੁਤ ਹੌਲੀ ਵਗਦੇ ਪਾਣੀ ਨੂੰ ਸੰਭਾਲਦੀਆਂ ਹਨ ਅਤੇ ਵਿਕਸਿਤ ਕਰਦੀਆਂ ਹਨ- ਜਾਂ ਵਿਕਸਿਤ ਹੋਣ ਦੀ ਸੰਭਾਵਨਾ ਹੁੰਦੀ ਹੈ, ਹੜ੍ਹ ਅਤੇ ਪਾਣੀ ਦੇ ਵਾਤਾਵਰਣ ਦੇ ਹਿਸਾਬ ਨਾਲ ਖੇਤਰੀ ਜੀਵਾਂ ਤੇ ਬਨਸਪਤੀ ਮੁਤਾਬਿਕ ਹੁੰਦੀਆਂ ਹਨ। ਦਲਦਲਾਂ ਤਾਜ਼ੇ ਜਾਂ ਖਾਰੇ ਪਾਣੀ ਵਾਲੀਆਂ ਹੋ ਸਕਦੀਆਂ ਹਨ ਅਤੇ ਇਹ ਪੱਕੇ ਤੌਰ ਤੇ ਪਾਣੀ ਸੰਭਾਲ ਕੇ ਰੱਖ ਸਕਦੀਆਂ ਹਨ ਜਾਂ ਕੁਝ ਸਮਾਂ ਸੁੱਕ ਵੀ ਸਕਦੀਆਂ ਹਨ।



ਵੈਰੀਬੀ ਨਦੀ

## ਚਿੱਤਰਕਾਰ ਬਾਰੇ

ਸਾਈਮਨ ਨੀਬੋਨ ਇੱਕ ਕਾਰਟੂਨ ਬਨਾਉਣ ਵਾਲਾ ਅਤੇ ਚਿੱਤਰਕਾਰ ਹੈ, ਜਿਸ ਦਾ 30 ਸਾਲਾਂ ਤੋਂ ਵੱਧ ਦਾ ਤਜ਼ਰਬਾ ਕਈ ਕਿਸਮ ਦੀਆਂ ਸੰਸਥਾਵਾਂ ਨਾਲ ਕੰਮ ਕਰਨ ਦਾ ਰਿਹਾ ਹੈ, ਉਸ ਦੇ ਚਿੱਤਰ ਬਹੁਤ ਸਾਰੀਆਂ ਪ੍ਰਕਾਸ਼ਨਾਵਾਂ, ਵੈੱਬਸਾਈਟਾਂ ਅਤੇ ਕਾਨਫਰੰਸ ਦੀਆਂ ਕੰਧਾਂ ਉੱਤੇ ਦਿਖਾਈ ਦਿੰਦੇ ਹਨ।

© The State of Victoria Department of Environment, Land, Water and Planning (ਵਿਕਟੋਰੀਆ ਦਾ ਵਾਤਾਵਰਣ, ਭੂਮੀ, ਪਾਣੀ ਅਤੇ ਯੋਜਨਾ ਬੰਦੀ ਵਿਭਾਗ) 2021

ਇਸ ਚਿੱਤਰ ਨੂੰ ਕ੍ਰਿਏਟਿਵ ਕਾਮਨਜ਼ ਐਟਰੀਬਿਊਸ਼ਨ 4.0 ਅੰਤਰਰਾਸ਼ਟਰੀ ਲਾਇਸੰਸ ਦੇ ਅਧੀਨ ਲਾਇਸੰਸ ਦਿੱਤਾ ਗਿਆ ਹੈ। ਤੁਸੀਂ ਉਸ ਲਾਇਸੰਸ ਦੇ ਅਧੀਨ ਚਿੱਤਰ ਨੂੰ ਦੁਬਾਰਾ ਵਰਤਣ ਲਈ ਸੁਤੰਤਰ ਹੋ, ਇਸ ਸ਼ਰਤ 'ਤੇ ਕਿ ਤੁਸੀਂ ਵਿਕਟੋਰੀਆ ਰਾਜ ਨੂੰ ਲੇਖਕ ਵਜੋਂ ਸਿਹਰਾ ਦਿਓ। ਲਾਇਸੈਂਸ ਕਿਸੇ ਵੀ ਚਿੱਤਰਾਂ, ਫੋਟੋਆਂ ਜਾਂ ਬ੍ਰਾਂਡਿੰਗ 'ਤੇ ਲਾਗੂ ਨਹੀਂ ਹੁੰਦਾ, ਜਿਸ ਵਿੱਚ ਵਿਕਟੋਰੀਅਨ ਕੋਟ ਆਫ ਆਰਮਜ਼, ਵਿਕਟੋਰੀਅਨ ਸਰਕਾਰ ਦਾ ਲੋਗੋ ਅਤੇ ਵਾਤਾਵਰਣ, ਜ਼ਮੀਨ, ਪਾਣੀ ਅਤੇ ਯੋਜਨਾਬੰਦੀ ਵਿਭਾਗ (DELWP) ਲੋਗੋ ਸ਼ਾਮਲ ਹਨ। ਇਸ ਲਾਇਸੰਸ ਦੀ ਨਕਲ ਵੇਖਣ ਲਈ, ਇੱਥੇ ਜਾਓ http://creativecommons.org/licenses/by/4.0/

**ISBN** 978-1-76105-598-0 **(Print)**
**ISBN** 978-1-76105-599-7 **(pdf)**

**ਬੇਦਾਅਵਾ:**

ਇਹ ਪ੍ਰਕਾਸ਼ਨ ਤੁਹਾਡੇ ਲਈ ਸਹਾਇਤਾ ਵਾਲਾ ਹੋ ਸਕਦਾ ਹੈ, ਪਰ ਵਿਕਟੋਰੀਆ ਰਾਜ ਅਤੇ ਇਸ ਦੇ ਕਰਮਚਾਰੀ ਇਸ ਗੱਲ ਦੀ ਗਰੰਟੀ ਨਹੀਂ ਦਿੰਦੇ ਕਿ ਪ੍ਰਕਾਸ਼ਨ ਕਿਸੇ ਕਿਸਮ ਦੀ ਨੁਕਸ ਤੋਂ ਬਿਨਾਂ ਹੈ, ਜਾਂ ਤੁਹਾਡੇ ਵਿਸ਼ੇਸ਼ ਉਦੇਸ਼ਾਂ ਲਈ ਪੂਰੀ ਤਰ੍ਹਾਂ ਢੁੱਕਵਾਂ ਹੈ ਅਤੇ ਇਸ ਲਈ ਕਿਸੇ ਵੀ ਗਲਤੀ, ਘਾਟੇ ਜਾਂ ਹੋਰ ਨਤੀਜਿਆਂ ਵਾਸਤੇ ਸਾਰੀ ਦੇਣਦਾਰੀ ਨੂੰ ਰੱਦ ਕਰਦਾ ਹੈ, ਜੋ ਇਸ ਪ੍ਰਕਾਸ਼ਨ ਵਿੱਚ ਕਿਸੇ ਵੀ ਜਾਣਕਾਰੀ 'ਤੇ ਨਿਰਭਰ ਕਰਨ ਤੋਂ ਪੈਦਾ ਹੋ ਸਕਦਾ ਹੈ।

## ਪਹੁੰਚਯੋਗਤਾ

ਜੇ ਤੁਸੀਂ ਇਸ ਪ੍ਰਕਾਸ਼ਨ ਨੂੰ ਕਿਸੇ ਬਦਲਵੇਂ ਰੂਪ ਵਿੱਚ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ DELWP ਗਾਹਕ ਸੇਵਾ ਕੇਂਦਰ ਨੂੰ 136186 ਉੱਤੇ ਟੈਲੀਫੋਨ ਕਰੋ, ਈਮੇਲ customer.service@delwp.vic.gov.au, ਜਾਂ ਨੈਸ਼ਨਲ ਰਿਲੇ ਸਰਵਿਸ ਰਾਹੀਂ 133 677 ਨੂੰ ਫੋਨ ਕਰੋ www.relayservice.com.au ਇਹ ਦਸਤਾਵੇਜ਼ www.delwp.vic.gov.au 'ਤੇ ਇੰਟਰਨੈੱਟ ਉੱਤੇ ਵੀ ਉਪਲਬਧ ਹੈ



delwp.vic.gov.au